# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ: 09-02-2025**

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਏ ਕਿ ਦਿੱਲੀ ਵਿਧਾਨ ਸਭਾ ਚੋਣਾਂ ਦੇ ਨਤੀਜੇ ਭਾਜਪਾ ਦੀ ਡਬਲ ਇੰਜਣ ਵਾਲੀ ਸਰਕਾਰ 'ਤੇ ਦੇਸ਼ ਦਾ ਭਰੋਸਾ ਦਰਸਾਉਂਦੇ ਨੇ। ਕੱਲ੍ਹ ਨਵੀਂ ਦਿੱਲੀ ਵਿਚ ਪਾਰਟੀ ਦੇ ਮੁੱਖ ਦਫ਼ਤਰ ਵਿਚ ਭਾਜਪਾ ਵਰਕਰਾਂ ਨੂੰ ਸੰਬੋਧਨ ਕਰਦਿਆਂ  ਸ੍ਰੀ ਮੋਦੀ ਨੇ ਕਿਹਾ ਕਿ ਦਿੱਲੀ ਨੂੰ ਹੁਣ ਵਿਸ਼ਵ ਪੱਧਰੀ ਸ਼ਹਿਰੀ ਬੁਨਿਆਦੀ ਢਾਂਚਾ ਮਿਲੇਗਾ। ਉਨ੍ਹਾਂ ਕਿਹਾ ਕਿ ਦਿੱਲੀ ਸਿਰਫ਼ ਇਕ ਸ਼ਹਿਰ ਨਹੀਂ, ਸਗੋਂ ਮਿੰਨੀ ਭਾਰਤ ਏ ਜੋ ਕਿ 'ਏਕ ਭਾਰਤ ਸ੍ਰੇਸ਼ਠ ਭਾਰਤ' ਦੇ ਵਿਚਾਰ ਨੂੰ ਜੀਵੰਤ ਬਣਾਉਂਦਾ ਏ- BYTE- ਪ੍ਰਧਾਨ ਮੰਤਰੀ ਨੇ ਵਾਅਦਾ ਕੀਤਾ ਕਿ ਨਾਰੀ ਸ਼ਕਤੀ ਨਾਲ ਕੀਤਾ ਹਰ ਵਾਅਦਾ ਪੂਰਾ ਕੀਤਾ ਜਾਵੇਗਾ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ 21ਵੀਂ ਸਦੀ ਵਿਚ ਪੈਦਾ ਹੋਏ ਨੌਜਵਾਨ  ਹੁਣ ਪਹਿਲੀ ਵਾਰ, ਦਿੱਲੀ ਵਿਚ ਭਾਜਪਾ ਦਾ ਸੁਸ਼ਾਸਨ ਦੇਖਣਗੇ।  ਇਸ ਦੌਰਾਨ ਪਾਰਟੀ ਪ੍ਰਧਾਨ ਜੇਪੀ

ਨੱਡਾ ਨੇ ਇਸ ਵੱਡੀ ਜਿੱਤ ਲਈ ਰਾਸ਼ਟਰੀ ਰਾਜਧਾਨੀ ਦੇ ਲੋਕਾਂ ਦਾ ਧੰਨਵਾਦ ਕੀਤਾ ਤੇ ਪਾਰਟੀ ਵਰਕਰਾਂ ਦੀ ਸ਼ਲਾਘਾ ਕੀਤੀ। -

------------------------------------------------------------------------

8ਵਾਂ 'ਪਰੀਕਸ਼ਾ ਪੇ ਚਰਚਾ ਪ੍ਰੋਗਰਾਮਮ' ਕਲ ਨਵੀਂ ਦਿੱਲੀ ਦੇ ਭਾਰਤ ਮੰਡਪਮ ਵਿਖੇ ਸ਼ੁਰੂ ਹੋਵੇਗਾ । ਇਹ ਪ੍ਰੋਗਰਾਮ ਇਸ ਵਾਰ ਨਵੇਂ ਫਾਰਮੈਟ ਵਿਚ 8 ਐਪੀਸੋਡਾਂ ਵਿੱਚ ਕਰਾਇਆ ਜਾਵੇਗਾ । ਸਿੱਖਿਆ ਮੰਤਰਾਲੇ ਮੁਤਾਬਕ ਪ੍ਰੋਗਰਾਮ ਦੇ ਨਵੇਂ ਫਾਰਮੈਟ ਤਹਿਤ ਨਾਮਵਰ ਸ਼ਖਸੀਅਤਾਂ, ਗੱਲਬਾਤ ਕਰ ਕੇ ਆਪਣਾ ਤਜਰਬਾ ਸਾਂਝਾ ਕਰਨਗੀਆਂ। ਪ੍ਰੋਗਰਾਮ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨਾਲ ਸਿਧੇ ਗੱਲਬਾਤ ਕਰਨ ਲਈ, ਹਰੇਕ ਸੂਬੇ ਤੇ ਕੇਂਦਰ ਸ਼ਾਸਤ ਪ੍ਰਦੇਸ਼ ਦੇ ਵੱਖ-ਵੱਖ ਸਕੂਲਾਂ ਤੋਂ 36 ਵਿਦਿਆਰਥੀਆਂ ਨੂੰ ਚੁਣਿਆ ਗਿਆ ਏ । ਇਸ ਪ੍ਰੋਗਰਾਮ ਦਾ ਸਿੱਧਾ ਪ੍ਰਸਾਰਣ ਦੂਰਦਰਸ਼ਨ, ਸਵੈਯੰਮ, ਸਵੈਯੰਮ ਪ੍ਰਭਾ, ਪ੍ਰਧਾਨ ਮੰਤਰੀ ਦਫਤਰ ਦੇ ਯੂ-ਟਿਊਬ ਚੈਨਲ ਅਤੇ ਸਿੱਖਿਆ ਤੇ ਸੂਚਨਾ ਤੇ ਪ੍ਰਸਾਰਣ ਮੰਤਰਾਲਿਆਂ ਦੇ ਸੋਸ਼ਲ ਮੀਡੀਆ ਚੈਨਲਾਂ 'ਤੇ ਕੀਤਾ ਜਾਵੇਗਾ। ਪਰੀਕਸ਼ਾ ਪੇ ਚਰਚਾ, ਰਾਬਤੇ ਵਾਲਾ ਪ੍ਰੋਗਰਾਮ ਏ, ਜਿਸ ਵਿਚ ਵਿਦਿਆਰਥੀ, ਮਾਪੇ

ਤੇ ਅਧਿਆਪਕ, ਇਮਤਿਹਾਨਾਂ ਤੋਂ ਪੈਦਾ ਹੋਣ ਵਾਲੇ ਤਣਾਅ ਅਤੇ ਇਸ ਨੂੰ ਦੂਰ ਕਰਨ ਤੇ ਜੀਵਨ ਨੂੰ ਉਤਸਵ ਦੇ ਰੂਪ ਵਿਚ ਮਨਾਉਣ ਲਈ, ਪ੍ਰਧਾਨ ਮੰਤਰੀ ਨਾਲ ਗੱਲਬਾਤ ਕਰਦੇ ਨੇ।

-----------------------------------------------------------------------------

ਜਲੰਧਰ ਜ਼ਿਲ੍ਹੇ ਦੇ 11 ਬਲਾਕਾਂ ਵਿਚ ਬਣੇ ਸਵੈ ਸਹਾਇਤਾ ਸਮੂਹਾਂ ਵਿੱਚੋਂ ਚੁਣੀਆਂ ਗਈਆਂ 44 ਬੈਂਕ ਸਖੀਆਂ ਨੂੰ ਪੰਜਾਬ ਰਾਜ ਦਿਹਾਤੀ ਆਜੀਵਿਕਾ ਮਿਸ਼ਨ ਤਹਿਤ 2 ਦਿਨਾਂ ਸਿਖਲਾਈ ਤੋਂ ਇਲਾਵਾ ਬੈਂਕ ਮੈਨੇਜਰਾਂ ਨੂੰ ਇਕ ਰੋਜ਼ਾ ਸਿਖਲਾਈ ਦਿਤੀ ਗਈ ਏ। ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਬੁੱਧੀ ਰਾਜ ਸਿੰਘ ਦੀ ਅਗਵਾਈ ਹੇਠ ਐਨ.ਆਈ.ਆਰ.ਡੀ ਹੈਦਰਾਬਾਦ ਵੱਲੋਂ ਕਰਵਾਈ ਗਈ ਟ੍ਰੇਨਿੰਗ ਦੌਰਾਨ ਬੈਂਕ ਸਖੀਆਂ ਨੂੰ ਸਵੈ ਸਹਾਇਤਾ ਸਮੂਹਾਂ ਦੇ ਬੈਂਕਾਂ ਵਿਚ ਖਾਤੇ ਖੁੱਲ੍ਹਵਾਉਣ, ਮੈਂਬਰਾਂ ਦੇ ਬੀਮੇ, ਕੈਸ਼ ਕ੍ਰੈਡਿਟ ਲਿਮਿਟ ਆਦਿ ਕਾਰਜਾਂ ਸਬੰਧੀ ਸਿਖਲਾਈ ਦਿੱਤੀ ਗਈ ਤਾਂ ਜੋ ਸੈਲਫ਼ ਹੈਲਪ ਗਰੁੱਪਾਂ ਨੂੰ ਬੈਂਕ ਵਿਚ ਖਾਤਾ ਖੁੱਲ੍ਹਵਾਉਣ ਤੇ ਕਰਜ਼ਾ ਪ੍ਰਾਪਤ ਕਰਨ ਵਿਚ ਕੋਈ ਦਿੱਕਤ ਪੇਸ਼ ਨਾ ਆਵੇ। ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ ਵਿਚ

ਮੌਜੂਦਾ ਸਮੇਂ 2055 ਤੋਂ ਵੱਧ ਸਵੈ ਸਹਾਇਤਾ ਗਰੁੱਪ ਕੰਮ ਕਰ ਰਹੇ ਨੇ। ਜਲੰਧਰ ਵਿਚ 20,000 ਤੋਂ ਵੱਧ ਔਰਤਾਂ ਇਨ੍ਹਾਂ ਸਮੂਹਾਂ ਜ਼ਰੀਏ ਆਜੀਵਿਕਾ ਮਿਸ਼ਨ ਨਾਲ ਜੁੜੀਆਂ ਹੋਈਆਂ ਨੇ।

---------------------------------------------------------------------------

ਮੋਹਾਲੀ ਦੇ ਲਾਲੜੂ ਸਥਿਤ ਆਈਟੀਆਈ ਵਿਚ ਭਲਕੇ 10 ਫਰਵਰੀ ਨੂੰ ਆਈਟੀਆਈ ਪਾਸ ਸਿਖਿਆਰਥੀਆਂ ਨੂੰ ਰੁਜ਼ਗਾਰ ਮੁੱਹਈਆ ਕਰਵਾਉਣ ਲਈ ਪ੍ਰਧਾਨ ਮੰਤਰੀ ਨੈਸ਼ਨਲ ਅਪ੍ਰੈਟਿਸ਼ਿਪ ਮੇਲਾ ਲਗਾਇਆ ਜਾਵੇਗਾ, ਜਿਸ ਵਿਚ ਫਿਟਰ, ਵੈਲਡਰ, ਇਲੈਕਟਰੀਸ਼ੀਅਨ, ਇਲੈਕਟ੍ਰੌਨਿਕ ਮਕੈਨਿਕ, ਟਰਨਰ ਅਤੇ ਆਟੋ ਬਾਡੀ ਪੇਂਟਿੰਗ ਟ੍ਰੇਡ ਨਾਲ ਸਬੰਧਤ ਪਾਸ ਸਿਖਿਆਰਥੀਆਂ ਹਿਸਾ ਲੈ ਸਕਦੇ ਨੇ। ਸੰਸਥਾ ਦੇ ਪ੍ਰਿੰਸੀਪਲ ਹਰਬਿੰਦਰ ਸਿੰਘ ਨੇ ਦਸਿਆ ਕਿ ਸਟੀਲ ਸਟ੍ਰਿਪਸ ਵੀਲਜ, ਪਨੇਸੀਆ ਬਾਇਓਟੈਕ, ਹੈਲਾ ਇੰਡੀਆ ਲਾਈਟਿੰਗ, ਐਸਸੀਐੱਲ ਵੱਲੋ ਸਿਖਿਆਰਥੀਆਂ ਦੀ ਚੋਣ ਕੀਤੀ ਜਾਵੇਗੀ।

---------------------------------------------------------------------------

ਜਲੰਧਰ ਦਿਹਾਤੀ ਪੁਲਿਸ ਨੇ ਕਰਤਾਰਪੁਰ ਖੇਤਰ ਵਿਚ ਕੀਤੀ ਚੈਕਿੰਗ ਦੌਰਾਨ ਨਸ਼ੀਲੇ ਪਦਾਰਥਾਂ ਦੇ ਤਸਕਰ ਨੂੰ ਹਿਰਾਸਤ ਵਿਚ ਲੈ ਕੇ 50 ਗ੍ਰਾਮ ਹੈਰੋਇਨ ਜ਼ਬਤ ਕੀਤੀ ਏ। ਇਸ ਮੁਲਜ਼ਮ ਦੀ ਪਛਾਣ ਬਲਦੇਵ ਸਿੰਘ ਬੱਲੋ ਵਾਸੀ ਪਿੰਡ ਜਗਤਪੁਰਾ, ਥਾਣਾ ਝਬਾਲ, ਜ਼ਿਲ੍ਹਾ ਤਰਨਤਾਰਨ ਵਜੋਂ ਹੋਈ ਹੈ। ਐਸਐਸਪੀ ਜਲੰਧਰ ਦਿਹਾਤੀ ਹਰਕਮਲਪ੍ਰੀਤ ਸਿੰਘ ਖੱਖ ਨੇ ਕਿਹਾ ਕਿ ਪੁਲਿਸ ਅਫ਼ਸਰਾਂ ਦੀ ਨਿਗਰਾਨੀ ਹੇਠ ਸੀਆਈਏ ਸਟਾਫ ਜਲੰਧਰ ਦਿਹਾਤੀ ਨੇ ਲਿੰਕ ਰੋਡ ਕਿਸ਼ਨਗੜ੍ਹ ਨੇੜੇ ਇਕ ਮੋਟਰਸਾਈਕਲ ਸਵਾਰ ਨੂੰ ਰੋਕਿਆ ਸੀ ਤੇ ਤਲਾਸ਼ੀ ਲੈਣ 'ਤੇ ਪੁਲਿਸ ਟੀਮ ਨੇ ਮੁਲਜ਼ਮ ਦੇ ਵਾਹਨ ਦੀ ਸੀਟ ਹੇਠ ਮੋਮ ਨਾਲ ਸੀਲਬੰਦ ਕੀਤੇ ਲਿਫਾਫੇ ਵਿਚ ਛੁਪਾਈ ਹੋਈ 50 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ ਏ।

--------------------------------------------------------------------------------

ਮਰਦਾਂ ਦੇ ਕ੍ਰਿਕਟ ਵਿਚ, ਭਾਰਤ ਤੇ ਇੰਗਲੈਂਡ ਦਰਮਿਆਨ ਤਿੰਨ, ਇਕ ਦਿਨਾ ਅੰਤਰ ਰਾਸ਼ਟਰੀ ਮੈਚਾਂ ਦੀ ਲੜੀ ਦਾ ਦੂਜਾ ਮੈਚ ਅੱਜ ਦੁਪਹਿਰ ਬਾਅਦ ਕਟਕ ਦੇ ਬਾਰਾਬਤੀ ਸਟੇਡੀਅਮ ਵਿਚ ਖੇਡਿਆ ਜਾਏਗਾ। ਮੈਚ ਭਾਰਤੀ ਸਮੇਂ ਅਨੁਸਾਰ ਦੁਪਹਿਰ ਬਾਅਦ ਡੇਢ ਵਜੇ ਸ਼ੁਰੂ ਹੋਣਾ ਏ ।

ਭਾਰਤ ਨੇ ਨਾਗਪੁਰ 'ਚ ਪਹਿਲਾ ਮੈਚ ਚਾਰ ਵਿਕਟਾਂ ਨਾਲ ਜਿੱਤਿਆ ਏ ਤੇ ਇਹ ਲੜੀ 'ਚ ਜੇਤੂ ਲੀਡ ਹਾਸਲ ਕਰਨ ਦੀ ਕੋਸ਼ਿਸ਼ ਕਰੇਗਾ।